# ਕੋਵਿਡ-19 ਦੀ ਜਾਂਚ ਕਰਵਾਉਣਾ



ਜੇਕਰ ਤੁਹਾਨੂੰ ਕੋਵਿਡ-19 ਦੇ ਲੱਛਣ ਹਨ ਜਾਂ ਜੇਕਰ ਤੁਸੀਂ ਅਜਿਹੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ ਜਿਸਦੀ ਕੋਵਿਡ-19 ਦੀ ਜਾਂਚ ਪਾਜ਼ਿਟਿਵ ਆਈ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਜਾਂਚ ਕਰਵਾਓ।

## ਤੁਸੀਂ ਜਾਂਚ ਕਿੱਥੇ ਕਰਵਾ ਸਕਦੇ ਹੋ

**ਤੁਹਾਡਾ ਸਿਹਤ ਦੇਖਭਾਲ ਪ੍ਰਦਾਤਾ** ਜਾਂ ਕੋਈ ਪ੍ਰਦਾਤਾ ਜੋ **ਤੁਹਾਡਾ ਬੀਮਾ** ਲੈਂਦਾ ਹੋ।

**ਡ੍ਰਾਈਵ ਥ੍ਰੂ ਜਾਂ ਵਾਕ ਅਪ ਜਾਂਚ ਸਾਈਟ।**

**ਸਮੁਦਾਇਕ ਕਲੀਨਿਕ, ਸਿਹਤ ਕੇਂਦਰ, ਜਾਂ ਫਾਰਮੇਸੀ।**

## ਖਰਚਾ

**ਜੇਕਰ ਤੁਹਾਨੂੰ ਕੋਵਿਡ-19 ਦੇ ਲੱਛਣ ਹਨ ਜਾਂ ਜੇਕਰ ਤੁਸੀਂ ਅਜਿਹੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ ਜਿਸਦੀ ਕੋਵਿਡ-19 ਦੀ ਜਾਂਚ ਪਾਜ਼ਿਟਿਵ ਆਈ ਹੈ, ਤਾਂ ਤੁਹਾਡੀ ਜਾਂਚ ਮੁਫ਼ਤ ਵਿੱਚ ਕੀਤੀ ਜਾਣੀ ਚਾਹੀਦੀ ਹੈ।**

- **ਜੇਕਰ ਤੁਸੀਂ ਬੀਮਾਕ੍ਰਿਤ ਹੋ,** ਤਾਂ ਤੁਹਾਡੀ ਬੀਮਾ ਕੰਪਨੀ ਨੂੰ ਜਾਂਚ ਦਾ ਖਰਚਾ ਚੱਕਣਾ ਪਵੇਗਾ। ਇਹ ਪੁੱਛਣ ਲਈ ਪਹਿਲਾਂ ਕਾਲ ਕਰੋ ਕਿ ਕਿਤੇ ਕੋਈ ਹੋਰ ਖਰਚੇ ਤਾਂ ਨਹੀਂ ਹਨ।
- **ਜੇਕਰ ਤੁਸੀਂ ਬੀਮਾਕ੍ਰਿਤ ਨਹੀਂ ਹੋ,** ਤਾਂ ਕਈ ਡ੍ਰਾਈਵ-ਥ੍ਰੂ ਸਾਈਟਾਂ, ਸਮੁਦਾਇਕ ਕਲੀਨਿਕ, ਅਤੇ ਸਿਹਤ ਕੇਂਦਰ ਬੀਮੇ ਤੋਂ ਬਿਨਾਂ ਮੁਫ਼ਤ ਵਿੱਚ ਜਾਂਚ ਕਰਦੇ ਹਨ। ਹੋਰ ਪ੍ਰਦਾਤਾ ਤੁਹਾਡੀ ਜਾਂਚ ਨੂੰ ਬੀਮਾਕ੍ਰਿਤ ਕਰਨ ਲਈ ਤੁਹਾਡੇ ਨਾਲ ਕੰਮ ਕਰ ਸਕਦੇ ਹਨ।

## ਜਾਂਚ ਕਿਵੇਂ ਕਰਵਾਉਣੀ ਹੈ

ਆਪਣੇ ਬੀਮਾ ਕਾਰਡ ਦੇ ਪਿੱਛੇ ਦਿੱਤੇ ਗਏ ਨੰਬਰ 'ਤੇ **ਆਪਣੇ ਪ੍ਰਦਾਤਾ** ਨੂੰ ਕਾਲ ਕਰੋ।

- **ਕਾਲ ਕਰੋ** 2-1-1.
- Washington State Department of Health (ਵਾਸ਼ਿੰਗਟਨ ਰਾਜ ਸਿਹਤ ਵਿਭਾਗ) ਦੇ ਜਾਂਚ ਟਿਕਾਣਿਆਂ ਦੇ ਵੈੱਬਪੇਜ 'ਤੇ ਜਾਓ: doh.wa.gov/TestingLocations.

ਵਧੇਰੀ ਜਾਣਕਾਰੀ ਲਈ **DOH.WA.GOV/Coronavirus** 'ਤੇ ਜਾਓ।

ਕਿਸੇ ਦੂਸਰੇ ਰੂਪ ਵਿੱਚ ਇਹ ਦਸਤਾਵੇਜ਼ ਲੈਣ ਲਈ, 1-800-525-0127 'ਤੇ ਕਾਲ ਕਰੋ। ਬੋਲੇ ਜਾਂ ਉੱਚਾ ਸੁਣਨ ਵਾਲੇ ਗ੍ਰਾਹਕ, ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ

DOH 820-100 September 2020 – Punjabi

Washington State Department of Health

# ਕੋਵਿਡ-19 ਦੀ ਜਾਂਚ ਕਰਵਾਉਣਾ



## ਤੁਹਾਡੀ ਜਾਂਚ ਅਪਾਇੰਟਮੈਂਟ

### 1 ਆਪਣੀ ਅਪਾਇੰਟਮੈਂਟ ਦੇ ਲਈ ਚੈੱਕ ਇਨ ਕਰਨਾ।




ਡ੍ਰਾਈਵ-ਥ੍ਰੂ ਸਾਈਟਾਂ ਅਤੇ ਸਮੁਦਾਇਕ ਕਲੀਨਿਕ ਤੁਹਾਡੇ ਤੋਂ ਹੇਠ ਲਿਖੀਆਂ ਚੀਜਾਂ ਦੀ ਮੰਗ ਕਰਨਗੇ:

- **ਮੁੱਢਲੀ ਜਾਣਕਾਰੀ**, ਜਿਵੇਂ ਕਿ ਤੁਾਹਡਾ ਨਾਮ ਅਤੇ ਸੰਪਰਕ ਜਾਣਕਾਰੀ ਤਾਂ ਜੋ ਉਹ ਤੁਹਾਨੂੰ ਜਾਂਚ ਦਾ ਨਤੀਜਾ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਣ।
- **ਤੁਹਾਡੀ ਪਛਾਣ ਅਤੇ ਬੀਮਾ ਕਾਰਡ।** ਤੁਹਾਨੂੰ ਇਹ ਚੀਜਾਂ ਦਿਖਾਉਣ ਦੀ ਲੋੜ ਨਹੀਂ ਹੈ, ਪਰ ਉਹ ਤੁਹਾਡੇ ਤੋਂ ਇਹਨਾਂ ਦੀ ਮੰਗ ਕਰਨਗੇ।

ਉਹ ਤੁਹਾਡੇ ਇਮੀਗ੍ਰੇਸ਼ਨ ਸਟੇਟਸ ਦੇ ਬਾਰੇ **ਨਹੀਂ ਪੁੱਛਣਗੇ**। ਤੁਹਾਡੀ ਜਾਣਕਾਰੀ ਸਿਰਫ Department of Health (ਸਿਹਤ ਵਿਭਾਗ) ਜਾਂ ਤੁਹਾਡੇ ਸਥਾਨਕ ਸਿਹਤ ਵਿਭਾਗ ਦੇ ਨਾਲ ਸਾਂਝੀ ਕੀਤੀ ਜਾਵੇਗੀ।

### 2 ਜਾਂਚ ਕਰਵਾਓ।



ਪ੍ਰਦਾਤਾ ਤੁਹਾਡੇ ਤੋਂ ਸੈਂਪਲ ਲੈਣਗੇ। ਆਮ ਤੌਰ 'ਤੇ, ਉਹ ਤੁਹਾਡੇ ਨੱਕ ਦੇ ਅੰਦਰ ਰੂੰ ਦਾ ਫੰਭਾ ਪਾਉਣਗੇ ਜਾਂ ਤੁਹਾਨੂੰ ਆਪਣੇ-ਆਪ ਆਪਣੇ ਨੱਕ ਵਿੱਚ ਰੂੰ ਦਾ ਫੰਭਾ ਪਾਉਣ ਲਈ ਕਹਿਣਗੇ।



ਤੁਹਾਡਾ ਸੈਂਪਲ ਫਿਰ ਜਾਂਚ ਲਈ ਲੈਬ ਵਿੱਚ ਭੇਜਿਆ ਜਾਂਦਾ ਹੈ।

### 3 ਘਰੇ ਰਹੋ।



ਯਕੀਨੀ ਬਣਾਓ ਕਿ ਜਦ ਤੱਕ ਤੁਹਾਨੂੰ ਤੁਹਾਡੀ ਜਾਂਚ ਦਾ ਨਤੀਜਾ ਨਹੀਂ ਪਤਾ ਚੱਲ ਜਾਂਦਾ, ਤੁਸੀਂ ਘਰੇ ਹੀ ਰਹਿੰਦੇ ਹੋ ਅਤੇ ਦੂਜਿਆਂ ਤੋਂ ਦੂਰ ਰਹਿੰਦੇ ਹੋ।